# ਖ਼ੂਨ ਦਾ ਤਿਲਕ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਆਪਣੀ ਪੁਸਤਕ 'ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ' ਵਿੱਚ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ 'ਤਿਲਕ ਬਕਰੇ ਦੇ ਬਾਰੇ' ਸਿਰਲੇਖ ਹੇਠ ਸ਼ਸਤਰਾਂ ਨੂੰ ਖ਼ੂਨ ਦਾ ਤਿਲਕ ਕੀਤੇ ਜਾਣ ਬਾਰੇ ਆਪਣੇ ਵੀਚਾਰ ਪ੍ਰਗਟ ਕੀਤੇ ਹਨ। ਆਪਣੀ ਪੁਸਤਕ ਦੇ ਪੰਨਾ ੨੪੮ ਤੋਂ ੨੫੬ ਤੱਕ ਉਨ੍ਹਾਂ ਨੇ ਇਸ ਵਿਸ਼ੇ 'ਤੇ ਲਿੱਖਦਿਆਂ ਇਸ ਰੀਤੀ ਨੂੰ ਸਹੀ ਠਹਿਰਾਇਆ ਹੈ।

ਆਪਣੇ ਵੀਚਾਰ ਪ੍ਰਗਟ ਕਰਦਿਆਂ ਆਪਣੇ ਲੇਖ ਦੇ ਸ਼ੁਰੂ ਵਿੱਚ ਸਿੰਘ ਸਾਹਿਬ ਜੀ ਲਿੱਖਦੇ ਹਨ : -

> ਸ਼ੰਕਾਵਾਦੀ ਸਜਨ : - ਇਥੇ ਬਕਰੇ ਝਟਕਾ ਕੇ ਖ਼ੂਨ ਦਾ ਤਿਲਕ ਸ਼ਸਤ੍ਰਾਂ ਨੂੰ ਲਾਯਾ ਜਾਂਦਾ ਹੈ। ਇਹ ਕਿਥੋਂ ਦੀ ਮ੍ਰਿਜਾਦਾ ਹੂਈ ? ਭਾਈ ਸ਼ੰਕਾਵਾਦੀ ਸਜਨੋ, ਏਹਦੇ ਬਾਰੇ ਸਾਨੂੰ ਤਾਂ ਕੁਛ ਪਤਾ ਨਹੀਂ, ਪ੍ਰ ਖ਼ਾਲਸਾ ਧਰਮ ਸ਼ਾਸ਼ਤ੍ਰ ਦੇ ਕਰਤਾ ਨੇ ਇਸਤਰ੍ਹਾਂ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਤੋਂ ਪਹਿਲੇ ਚਾਰੋਂ ਤਖ਼ਤਾਂ ਦੀ ਮ੍ਰਿਜਾਦਾ ਏਕ ਹੁੰਦੀ ਸੀ।

ਜ਼ਾਹਿਰ ਹੈ ਕਿ 'ਖ਼ਾਲਸਾ ਧਰਮ ਸ਼ਾਸਤ੍ਰ' ਨਾਮ ਦੀ ਪੁਸਤਕ ਤੋਂ ਇਲਾਵਾ ਸਿੰਘ ਸਾਹਿਬ ਜੀ ਕੋਲ ਹੋਰ ਕੋਈ ਹਵਾਲਾ ਮੌਜੂਦ ਨਹੀਂ ਸੀ। ਖ਼ਾਲਸਾ ਧਰਮ ਸ਼ਾਸਤ੍ਰ ਅਜਿਹੀ ਪੁਸਤਕ ਹੈ, ਜਿਸ ਦਾ ਹਵਾਲਾ ਸਿੰਘ ਸਾਹਿਬ ਜੀ ਨੇ ਵਾਰ-ਵਾਰ ਦਿੱਤਾ ਹੈ। ਕੇਵਲ ਇਸੇ ਪੁਸਤਕ 'ਤੇ ਨਿਰਭਰ ਰਹਿ ਕੇ ਆਪਣੀਆਂ ਦਲੀਲਾਂ ਦੇਣੀਆਂ ਇਹ ਹੀ ਸਾਬਿਤ ਕਰਦਾ ਹੈ ਕਿ ਸਿੰਘ ਸਾਹਿਬ ਜੀ ਕੋਲ ਕੋਈ ਪੁਰਾਤਨ ਹਵਾਲਾ ਮੌਜੂਦ ਨਹੀਂ ਸੀ, ਜਾਂ ਉਹ ਕਿਸੇ ਪੁਰਾਤਨ ਹਵਾਲੇ ਤੋਂ ਜਾਣੂ ਹੀ ਨਹੀਂ ਸਨ। ਖ਼ਾਲਸਾ ਧਰਮ ਸ਼ਾਸਤ੍ਰ ਕੋਈ ਪੁਰਾਤਨ ਪੁਸਤਕ ਨਹੀਂ ਹੈ।

ਸਿੰਘ ਸਾਹਿਬ ਜੀ ਨੇ ਸ਼ਸਤਰਾਂ ਨੂੰ ਬਕਰੇ ਦੇ ਖ਼ੂਨ ਦਾ ਤਿਲਕ ਕੀਤੇ ਜਾਣ ਦੀ ਵਕਾਲਤ ਕਰਦਿਆਂ ਇਹ ਦਲੀਲ ਦਿੱਤੀ ਹੈ ਕਿ ਗੁਰੂ ਸਾਹਿਬਾਨ ਸ਼ਿਕਾਰ ਖੇਡਦੇ ਰਹੇ ਹਨ। ਇਸਲਈ ਦਰਬਾਰ ਸਾਹਿਬ ਜੀ ਦੀ ਹਜ਼ੂਰੀ ਵਿੱਚ ਬਕਰੇ ਝਟਕਾਉਣਾ ਗੁਰ-ਮਰਯਾਦਾ ਦੇ ਉਲਟ ਨਹੀਂ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰ-ਇਤਿਹਾਸ ਵਿੱਚ ਅਨੇਕ ਜਗ੍ਹਾ ਅਜਿਹਾ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬਾਨ ਨੇ ਸ਼ਿਕਾਰ ਖੇਡਿਆ, ਪਰ ਸਿੰਘ ਸਾਹਿਬ ਜੀ ਜਿਸ ਰੀਤੀ ਦੀ ਹਮਾਇਤ ਵਿੱਚ ਲਿੱਖ ਰਹੇ ਸਨ, ਉਹ ਸ਼ਿਕਾਰ ਕਰਨਾ ਤਾਂ ਹਰਗਿਜ਼ ਨਹੀਂ ਅਖਵਾ ਸਕਦੀ । ਜੰਗਲ ਵਿੱਚ ਜਾ ਕੇ ਸ਼ੇਰ ਆਦਿਕ ਖ਼ਤਰਨਾਕ ਜਾਨਵਰਾਂ ਦਾ ਸ਼ਿਕਾਰ ਕਰਨ ਅਤੇ ਬੰਨ੍ਹੇ ਹੋਏ ਬਕਰੇ ਨੂੰ ਝਟਕਾਉਣ ਵਿੱਚ ਬਹੁਤ ਫ਼ਰਕ ਹੈ । ਜੰਗਲ ਵਿੱਚ ਜਾਨਵਰ ਭੱਜ ਕੇ ਆਪਣਾ ਬਚਾਉ ਕਰਨ ਦੀ ਉਮੀਦ ਕਰ ਸਕਦਾ ਹੈ, ਪਰ ਬਕਰਾ ਝਟਕਾਉਣ ਸਮੇਂ ਤਾਂ ਬਕਰੇ ਨੂੰ ਭੱਜਣ ਤੋਂ ਰੋਕਣ ਦਾ ਪਹਿਲਾਂ ਹੀ ਪੂਰਾ ਇੰਤਜ਼ਾਮ ਕੀਤਾ ਹੁੰਦਾ ਹੈ । ਦੇਖਣ ਵਿੱਚ ਆਇਆ ਹੈ ਕਿ ਬਕਰੇ ਦੀਆਂ ਪਿੱਛਲੀਆਂ ਲੱਤਾਂ ਨੂੰ ਇੱਕ ਆਦਮੀ ਪਕੜ ਲੈਂਦਾ ਹੈ, ਤਾਂ ਕਿ ਬਕਰਾ ਕੋਈ ਹਿਲ-ਜੁਲ ਨਾ ਕਰ ਸਕੇ । ਬਕਰੇ ਦੇ ਗਲ਼ ਵਿੱਚ ਰੱਸੀ ਪਾ ਕੇ ਵੀ ਉਸ ਨੂੰ ਬੰਨ੍ਹ ਦਿੱਤਾ ਜਾਂਦਾ ਹੈ । ਭਲਾ, ਅਜਿਹੇ ਢੰਗ ਨਾਲ ਬਕਰੇ ਨੂੰ ਝਟਕਾਉਣਾ ਸ਼ਿਕਾਰ ਅਖਵਾ ਸਕਦਾ ਹੈ ?




ਬਕਰੇ ਨੂੰ ਝਟਕਾਉਣ ਸਮੇਂ ਰੱਸੀ ਨਾਲ ਬੰਨਿਆ ਵੀ ਹੋਇਆ ਹੈ ਤੇ ਇੱਕ ਵਿਅਕਤੀ ਨੇ ਉਸ ਨੂੰ ਪਿੱਛਲੀਆਂ ਲੱਤਾਂ ਤੋਂ ਫੜਿਆ ਵੀ ਹੋਇਆ ਹੈ ।

ਜੰਗਲ ਵਿੱਚ ਸ਼ਿਕਾਰ ਖੇਡਣ ਵਿੱਚ ਸ਼ਾਇਦ ਕੁੱਝ ਬਹਾਦਰੀ ਹੋਏ ਵੀ, ਕਿਉਂਕਿ ਸ਼ਿਕਾਰੀ ਖ਼ੁਦ ਵੀ ਸ਼ੇਰ ਜਾਂ ਚੀਤੇ ਵਰਗੇ ਜਾਨਵਰ ਦਾ ਸ਼ਿਕਾਰ ਬਣ ਸਕਦਾ ਹੈ । ਜੰਗਲ ਵਿੱਚ ਖ਼ਤਰਨਾਕ ਜਾਨਵਰ ਨੂੰ ਭੱਜਣ ਦਾ ਮੌਕਾ ਵੀ ਮਿਲਦਾ ਹੈ ਤੇ ਹਮਲਾ ਕਰਨ ਦਾ ਵੀ । ਇਹ ਗੱਲ ਝਟਕਾਉਣ ਲਈ ਲਿਆਉਂਦੇ ਗਏ ਬਕਰੇ ਦੇ ਬਾਰੇ ਨਹੀਂ ਆਖੀ ਜਾ ਸਕਦੀ । ਨਾ ਤਾਂ ਉਸ ਕੋਲ ਭੱਜਣ ਦਾ ਮੌਕਾ ਹੈ, ਨਾ ਹੀ ਉਹ ਇਸ ਯੋਗ ਹੈ ਕਿ ਝੱਟਕਈ 'ਤੇ ਹਮਲਾ ਕਰ ਸਕੇ । ਜੰਗਲ ਵਿੱਚ ਜਾ ਕੇ ਖ਼ਤਰਨਾਕ ਜਾਨਵਰਾਂ ਦਾ ਸ਼ਿਕਾਰ ਕਰਨ ਤੇ ਬੇਚਾਰੇ ਬਕਰੇ ਨੂੰ ਝਟਕਾ ਦੇਣ ਵਿੱਚ ਕੋਈ ਸਮਾਨਤਾ ਕਿੱਥੇ ਹੈ ?

ਅਜਿਹਾ ਅਕਸਰ ਕਿਹਾ ਜਾਂਦਾ ਹੈ ਕਿ ਸ਼ਿਕਾਰ ਕਰਨਾ ਤੇ ਬਕਰੇ ਝਟਕਾਉਣਾ ਅਸਲ ਵਿੱਚ ਯੁੱਧ ਦਾ ਅਭਿਆਸ ਹੀ ਹੈ। ਸਿੰਘ ਸਾਹਿਬ ਜੀ ਵੀ ਅਜਿਹਾ ਹੀ ਸੰਕੇਤ ਕਰਦੇ ਹਨ, ਜਦੋਂ ਉਹ ਲਿੱਖਦੇ ਹਨ : -

> ਅਗਰ ਖ਼ਾਲਸਾ ਜੀ ਨੂੰ ਸ਼ਿਕਾਰ ਨ ਖਿਡਾਇ ਜਾਂਦੇ, ਜਾਨਵਰ ਝਟਕਾਣੇ ਨਾ ਸਿਖਾਏ ਜਾਂਦੇ, ਤਾਂ ਐਸਾ ਦਿਲ ਤੇ ਐਸਾ ਬਲ ਖ਼ਾਲਸਾ ਜੀ ਵਿਚ ਨਾ ਪੈਦਾ ਹੁੰਦਾ, ਨਾ ਖ਼ਾਲਸਾ ਜੀਤੀ ਜਗਤੀ ਕੌਮ ਹੋਤਾ।

ਸ਼ਾਇਦ ਪੁਰਾਤਨ ਸਮੇਂ ਵਿੱਚ ਸ਼ਿਕਾਰ ਕਰਨਾ ਯੁੱਧ-ਕਲਾ ਦਾ ਇੱਕ ਮਹੱਤਵਪੂਰਨ ਅਭਿਆਸ ਹੁੰਦਾ ਹੋਏਗਾ, ਪਰ ਅਜੋਕੇ ਸਮੇਂ ਵਿੱਚ ਅਜਿਹਾ ਕਹਿਣਾ ਗ਼ਲਤ ਹੈ। ਅਜੋਕੇ ਸਮੇਂ ਵਿੱਚ ਭਾਰਤੀ ਫ਼ੌਜ ਜੰਗੀ ਮਸ਼ਕਾਂ ਕਰਦੀ ਹੈ, ਪਰ ਜੰਗੀ ਅਭਿਆਸ ਲਈ ਫ਼ੌਜੀ ਨਾ ਤਾਂ ਸ਼ਿਕਾਰ ਕਰਦੇ ਹਨ ਤੇ ਨਾ ਹੀ ਬਕਰਿਆਂ ਨੂੰ ਝੱਟਕਾਉਂਦੇ ਜਾਂ ਗੋਲੀਆਂ ਮਾਰਦੇ ਫਿਰਦੇ ਹਨ।

ਅਜੇ ਬਹੁਤ ਸਮਾਂ ਨਹੀਂ ਹੋਇਆ, ਜਦੋਂ ਸਿੱਖਾਂ ਨੂੰ ਬੜੇ ਔਖੇ ਸਮੇਂ ਵਿੱਚੋਂ ਲੰਘਣਾ ਪਿਆ ਹੈ। ਅਨੇਕ ਸਿੱਖ ਨਿਰਦੋਸ਼ ਹੁੰਦਿਆਂ ਹੋਇਆਂ ਵੀ ਸਰਕਾਰੀ ਤੇ ਗ਼ੈਰ-ਸਰਕਾਰੀ ਜ਼ੁਲਮ ਦਾ ਸ਼ਿਕਾਰ ਹੋਏ। ਅਜਿਹਾ ਜ਼ੁਲਮ ਤਾਂ ਮੁਗ਼ਲੀਆ ਹਕੂਮਤ ਦੇ ਜ਼ੁਲਮਾਂ ਦੀ ਬਰਾਬਰੀ ਕਰਦਾ ਦਿੱਖਦਾ ਹੈ। ਜੇ ਜਾਨਵਰ ਝਟਕਾਉਣ ਨਾਲ ਹੀ 'ਬਲ' ਮਿਲਦਾ ਹੁੰਦਾ, ਤਾਂ ਬਕਰੇ ਝਟਕਾਉਣ ਵਾਲਿਆਂ ਦਾ 'ਬਲ' ਜ਼ਾਲਿਮਾਂ ਦੇ ਖ਼ਿਲਾਫ਼ ਕਿਉਂ ਨਾ ਵਰਤਿਆ ਗਿਆ ? ਜੋ ਲੋਕ ਇਤਿਹਾਸ ਵਿੱਚੋਂ ਇਹ ਹਵਾਲੇ ਦਿੰਦੇ ਹਨ ਕਿ ਗੁਰੂ ਸਾਹਿਬਾਨ ਨੇ ਸ਼ੇਰਾਂ ਦੇ ਸ਼ਿਕਾਰ ਕੀਤੇ, ਉਹ ਖ਼ੁਦ ਕਿਉਂ ਨਹੀਂ ਸ਼ੇਰਾਂ ਦਾ ਸ਼ਿਕਾਰ ਕਰਦੇ ? ਦੂਜੇ ਪਾਸੇ, ਉਹ ਬਕਰੇ ਝਟਕਾ ਕੇ ਗੁਰ-ਮਰਯਾਦਾ ਦੀ ਪਾਲਣਾ ਕਰਨ ਦਾ ਦਾਅਵਾ ਕਰਦੇ ਹਨ।

ਇਹ ਠੀਕ ਹੈ ਕਿ ਰਹਿਤਨਾਮਿਆਂ ਅਤੇ 'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਨੂੰ ਕੁੱਠਾ ਖਾਣ ਦੀ ਮਨਾਹੀ ਹੈ। ਇਸ ਦਾ ਸਿੱਧਾ ਭਾਵ ਇਹ ਲਿਆ ਜਾਂਦਾ ਹੈ ਕਿ ਝਟਕਾਏ ਹੋਏ ਜਾਨਵਰ ਦਾ ਮਾਸ ਖਾਇਆ ਜਾ ਸਕਦਾ ਹੈ। ਪਰ, ਇਸ ਦਾ ਦੂਜਾ ਪੱਖ ਵੀ ਹੈ। ਉਹ ਇਹ ਕਿ ਗੁਰੂ ਦੇ ਲੰਗਰ ਵਿੱਚ ਮਾਸ ਨਹੀਂ ਪਕਾਇਆ ਜਾ ਸਕਦਾ। ਰਹਿਤਨਾਮਾ ਭਾਈ ਦੇਸਾ ਸਿੰਘ ਤਾਕੀਦ ਕਰਦਾ ਹੈ : -

ਦੇਗ਼ ਅਸਨ ਕੇ ਹੈਂ ਸਭ ਭਾਗੀ। ਬ੍ਰਾਹਮਨ ਖਤ੍ਰੀ ਸਭ ਅਨੁਰਾਗੀ।
ਤਾਂ ਤੇ ਯੇ ਸਿਛਾ ਸੁਨ ਲੀਜੈ। ਦੇਗ਼ ਮਾਹਿ ਨਹਿ ਮਾਸ ਅਨੀਜੈ।

ਅਜਿਹਾ ਇਸ ਲਈ ਹੈ, ਕਿਉਂਕਿ ਗੁਰੂ ਕੇ ਲੰਗਰ ਵਿੱਚ ਮਾਸ ਨਾ ਖਾਣ ਵਾਲੇ ਵੀ ਲੰਗਰ ਛੱਕਦੇ ਹਨ। ਲੰਗਰ ਵਿੱਚ ਵਰਤਾਇਆ ਜਾ ਰਿਹਾ ਮਾਸ ਉਨ੍ਹਾਂ ਲਈ ਅਰੁਚੀ ਦਾ ਕਾਰਣ ਬਣ ਸਕਦਾ ਹੈ। ਜੇ ਗੁਰੂ ਘਰ ਵਿੱਚ ਮਾਸ ਪਕਾਉਣ ਦੀ ਮਨਾਹੀ ਹੈ, ਤਾਂ ਬਕਰਾ ਝਟਕਾਉਣ ਦੀ ਇਜਾਜ਼ਤ ਕਿਵੇਂ ਹੋ ਸਕਦੀ ਹੈ ?

ਜੇ ਲੰਗਰ ਵਿੱਚ ਵਰਤਾਇਆ ਜਾ ਰਿਹਾ ਮਾਸ ਕੁੱਝ ਲੋਕਾਂ ਲਈ ਅਰੁਚੀ ਦਾ ਕਾਰਣ ਬਣ ਸਕਦਾ ਹੈ, ਤਾਂ ਗੁਰੂ-ਘਰ ਵਿੱਚ ਝਟਕਾਇਆ ਜਾ ਰਿਹਾ ਬਕਰਾ ਉਨ੍ਹਾਂ ਲਈ ਅਰੁਚੀ ਦਾ ਸਬੱਬ ਕਿਉਂ ਨਾ ਬਣੇਗਾ ?

ਗੱਲ ਕੇਵਲ ਬਕਰਾ ਝਟਕਾਉਣ ਤਕ ਹੀ ਸੀਮਿਤ ਨਹੀਂ ਹੈ, ਸਗੋਂ ਝਟਕਾਏ ਗਏ ਬਕਰੇ ਦਾ ਖ਼ੂਨ ਇਕੱਠਾ ਕਰ ਕੇ ਉਸ ਨਾਲ ਸ਼ਸਤਰਾਂ ਨੂੰ ਤਿਲਕ ਕੀਤਾ ਜਾਂਦਾ ਹੈ। ਉਪਰ ਅਸੀਂ ਜ਼ਿਕਰ ਕਰ ਆਏ ਹਾਂ ਕਿ ਸਿੰਘ ਸਾਹਿਬ ਜੀ ਨੇ ਬਕਰੇ ਦੇ ਖ਼ੂਨ ਨਾਲ ਸ਼ਸਤਰਾਂ ਨੂੰ ਤਿਲਕ ਕਰਨ ਨੂੰ ਸਹੀ ਠਹਿਰਾਉਣ ਲਈ ਕੇਵਲ ਇੱਕੋ ਪੁਸਤਕ 'ਖ਼ਾਲਸਾ ਧਰਮ ਸ਼ਾਸਤ੍ਰ' ਦਾ ਹੀ ਹਵਾਲਾ ਦਿੱਤਾ ਹੈ, ਜੋ ਕਿ ਇੱਕ ਨਵੀਨ ਰਚਨਾ ਹੈ। ਸਿੰਘ ਸਾਹਿਬ ਜੀ ਨੇ ਕਿਸੇ ਪੁਰਾਤਨ ਸਰੋਤ ਦਾ ਹਵਾਲਾ ਨਹੀਂ ਦਿੱਤਾ। ਇੱਕ ਨਵੀਨ ਰਚਨਾ ਵਿੱਚੋਂ ਹਵਾਲਾ ਦੇਣਾ ਸਪਸ਼ਟ ਸੰਕੇਤ ਕਰਦਾ ਹੈ ਕਿ ਇਹ ਇੱਕ ਨਵੀਨ ਰੀਤੀ ਹੈ, ਜਿਸ ਨੂੰ ਪੁਰਾਤਨ ਮਰਯਾਦਾ ਸਿੱਧ ਕਰਨ ਦਾ ਅਸਫਲ ਯਤਨ ਕੀਤਾ ਗਿਆ ਹੈ।